# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   20 ਜੁਲਾਈ 2026 ਦਿਨ ਸੋਮਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 'ਯਾਦਾਂ ਦਾ ਫੁੱਲਦਸਤਾ' ਦੀ ਘੁੰਡ-ਚੁਕਾਈ ਰਾਹੀਂ ਯਾਦਾਂ ਦੀ ਸਦੀਵੀ ਤਾਕਤ ਦਾ ਜਸ਼ਨ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 20 ਜੁਲਾਈ : ਸਾਹਿਤ, ਯਾਦਾਂ ਅਤੇ ਮਨੁੱਖੀ ਜਜ਼ਬਾਤਾਂ ਦੇ ਇੱਕ ਭਾਵਪੂਰਤ ਜਸ਼ਨ ਵਜੋਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਨੇ ਅੱਜ 'ਸੱਭਿਆਚਾਰਕ ਸਾਠ ਪੰਜਾਬ' ਦੇ ਚੇਅਰਮੈਨ ਜਸਮੇਰ ਸਿੰਘ ਢੱਟ ਦੁਆਰਾ ਲਿਖੀ ਪੰਜਾਬੀ ਕਿਤਾਬ 'ਯਾਦਾਂ ਦਾ ਫੁੱਲਦਸਤਾ' ਦੀ ਘੁੰਡ-ਚੁਕਾਈ ਸਮਾਗਮ ਦੀ ਮੇਜ਼ਬਾਨੀ ਕੀਤੀ। PAU ਦੇ ਵਿਦਿਆਰਥੀ ਭਲਾਈ ਡਾਇਰੈਕਟੋਰੇਟ ਦੀ ਸਰਪ੍ਰਸਤੀ ਹੇਠ 'PAU ਯੰਗ ਰਾਈਟਰਜ਼ ਐਸੋਸੀਏਸ਼ਨ' (ਨੌਜਵਾਨ ਲੇਖਕ ਸੰਘ) ਦੁਆਰਾ ਆਯੋਜਿਤ ਇਸ ਸਾਹਿਤਕ ਇਕੱਠ ਵਿੱਚ ਲੇਖਕਾਂ, ਸਿੱਖਿਆ-ਸ਼ਾਸਤਰੀਆਂ ਅਤੇ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ ਤਾਂ ਜੋ ਉਸ ਰਚਨਾ ਦਾ ਸਨਮਾਨ ਕੀਤਾ ਜਾ ਸਕੇ ਜੋ ਪਿਆਰੀਆਂ ਯਾਦਾਂ ਦੀ ਖੁਸ਼ਬੂ ਨੂੰ ਬੜੀ ਨਜ਼ਾਕਤ ਨਾਲ ਸੰਭਾਲ ਕੇ ਰੱਖਦੀ ਹੈ।

ਕਿਤਾਬ ਦੀ ਘੁੰਡ-ਚੁਕਾਈ ਕਰਦਿਆਂ, PAU ਦੇ ਵਾਈਸ-ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਯਾਦਾਂ ਨੂੰ ਅਜਿਹੇ ਅਦਿੱਖ ਧਾਗੇ ਦੱਸਿਆ ਜੋ ਪੀੜ੍ਹੀਆਂ ਨੂੰ ਜੋੜਦੇ ਹਨ, ਰਿਸ਼ਤਿਆਂ ਨੂੰ ਪ੍ਰਫੁੱਲਿਤ ਕਰਦੇ ਹਨ ਅਤੇ ਸਮਾਜਿਕ ਸੱਭਿਆਚਾਰਕ ਵਿਰਸੇ ਦੇ ਤੱਤ ਨੂੰ ਸੁਰੱਖਿਅਤ ਰੱਖਦੇ ਹਨ। ਲੇਖਕ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ 'ਯਾਦਾਂ ਦਾ ਫੁੱਲਦਸਤਾ' ਸਿਰਫ਼ ਯਾਦਾਂ ਦਾ ਸੰਗ੍ਰਹਿ ਨਹੀਂ, ਸਗੋਂ ਜ਼ਿੰਦਗੀ ਦੇ ਸਫ਼ਰ ਵਿੱਚੋਂ ਗੁਜ਼ਰਦਾ ਇੱਕ ਭਾਵਨਾਤਮਕ ਸਫ਼ਰ ਹੈ, ਜਿੱਥੇ ਹਰ ਯਾਦ ਫੁੱਲਦਸਤੇ ਵਿੱਚ ਲੱਗੇ ਫੁੱਲ ਵਾਂਗ ਖਿੜਦੀ ਹੈ। ਉਨ੍ਹਾਂ ਕਿਹਾ ਕਿ ਤੇਜ਼ ਰਫ਼ਤਾਰ ਜ਼ਿੰਦਗੀ ਅਤੇ ਡਿਜੀਟਲ ਰੁਝੇਵਿਆਂ ਦੇ ਦੌਰ ਵਿੱਚ, ਅਜਿਹੀਆਂ ਕਿਤਾਬਾਂ ਸਾਨੂੰ ਮਨੁੱਖੀ ਤਜ਼ਰਬਿਆਂ, ਰਿਸ਼ਤਿਆਂ ਅਤੇ ਜਜ਼ਬਾਤਾਂ ਦੀ ਸਦੀਵੀ ਅਹਿਮੀਅਤ ਦੀ ਯਾਦ ਦਿਵਾਉਂਦੀਆਂ ਹਨ ਅਤੇ ਸਾਨੂੰ ਸਾਡੀਆਂ ਸੱਭਿਆਚਾਰਕ ਤੇ ਸਮਾਜਿਕ ਜੜ੍ਹਾਂ ਨਾਲ ਜੋੜਦੀਆਂ ਹਨ।

ਇਸ ਮੌਕੇ ਬੋਲਦਿਆਂ PAU ਦੇ ਵਿਦਿਆਰਥੀ ਭਲਾਈ ਡਾਇਰੈਕਟਰ ਡਾ. ਕਮਲਜੀਤ ਸਿੰਘ ਸੂਰੀ ਨੇ ਕਿਹਾ ਕਿ ਯੂਨੀਵਰਸਿਟੀਆਂ ਸਿਰਫ਼ ਵਿਗਿਆਨਕ ਅਤੇ ਪੇਸ਼ੇਵਰ ਸਿੱਖਿਆ ਦੇ ਕੇਂਦਰ ਹੀ ਨਹੀਂ ਹੁੰਦੀਆਂ, ਸਗੋਂ ਸਾਹਿਤ, ਸੱਭਿਆਚਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀਆਂ ਰਾਖੀਆਂ ਵੀ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ 'ਯਾਦਾਂ ਦਾ ਫੁੱਲਦਸਤਾ' ਵਰਗੀਆਂ ਕਿਤਾਬਾਂ ਪਾਠਕਾਂ ਨੂੰ ਆਧੁਨਿਕ ਜੀਵਨ ਦੀ ਤੇਜ਼ ਰਫ਼ਤਾਰ ਦਰਮਿਆਨ ਥੋੜ੍ਹਾ ਰੁਕਣ ਅਤੇ ਉਨ੍ਹਾਂ ਯਾਦਾਂ, ਰਿਸ਼ਤਿਆਂ ਤੇ ਤਜ਼ਰਬਿਆਂ ਨਾਲ ਮੁੜ ਜੁੜਨ ਲਈ ਉਤਸ਼ਾਹਿਤ ਕਰਦੀਆਂ ਹਨ ਜੋ ਉਨ੍ਹਾਂ ਦੀ ਸ਼ਖਸੀਅਤ ਨੂੰ ਘੜਦੇ ਹਨ।
ਪੀ.ਏ.ਯੂ. (PAU) ਦੇ ਵਿਦਿਆਰਥੀ ਭਲਾਈ ਵਿਭਾਗ ਦੇ ਸਾਬਕਾ ਡਾਇਰੈਕਟਰ, ਡਾ. ਨਿਰਮਲ ਜੌੜਾ ਨੇ ਵੀ ਇਸ ਕਿਤਾਬ ਨੂੰ ਜੀਵਨ ਦੇ ਅਨੁਭਵਾਂ ਦੀ ਖੂਬਸੂਰਤੀ ਨੂੰ ਦਿੱਤੀ ਗਈ ਇੱਕ ਦਿਲੋਂ ਸ਼ਰਧਾਂਜਲੀ ਦੱਸਿਆ। ਉਨ੍ਹਾਂ ਕਿਹਾ ਕਿ ਲੇਖਕ ਦਾ ਸਪੱਸ਼ਟ ਅਤੇ ਸੰਵੇਦਨਸ਼ੀਲ ਬਿਆਨ ਆਮ ਪਲਾਂ ਨੂੰ ਸਦੀਵੀ ਸਾਹਿਤਕ ਛਾਪਾਂ ਵਿੱਚ ਬਦਲ ਦਿੰਦਾ ਹੈ, ਜੋ ਪਾਠਕਾਂ ਨੂੰ ਯਾਦ ਕਰਵਾਉਂਦਾ ਹੈ ਕਿ ਯਾਦਾਂ ਸਿਰਫ਼ ਬੀਤੇ ਸਮੇਂ ਦੀਆਂ ਨਿਸ਼ਾਨੀਆਂ ਹੀ ਨਹੀਂ, ਸਗੋਂ ਜਿਉਂਦੇ-ਜਾਗਦੇ ਸਾਥੀ ਹਨ ਜੋ ਵਰਤਮਾਨ ਦੀ ਅਗਵਾਈ ਕਰਦੇ ਹਨ ਅਤੇ ਭਵਿੱਖ ਲਈ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਨੇ ਲੇਖਕ ਦੀ ਲਿਖਤ ਦੀ ਸਾਦਗੀ, ਇਮਾਨਦਾਰੀ ਅਤੇ ਭਾਵਨਾਤਮਕ ਡੂੰਘਾਈ ਦੀ ਸ਼ਲਾਘਾ ਕੀਤੀ।

ਇਸ ਤੋਂ ਪਹਿਲਾਂ, ਹਾਜ਼ਰੀਨ ਦਾ ਸਵਾਗਤ ਕਰਦਿਆਂ ਪੀ.ਏ.ਯੂ. ਦੇ ਸੱਭਿਆਚਾਰਕ ਮਾਮਲਿਆਂ ਦੇ ਐਸੋਸੀਏਟ ਡਾਇਰੈਕਟਰ, ਡਾ. ਰੁਪਿੰਦਰ ਕੌਰ ਨੇ ਕਿਹਾ ਕਿ 'ਯਾਦਾਂ ਦਾ ਫੁੱਲਦਸਤਾ' ਜੀਵਨ ਦੇ ਅਭੁੱਲ ਪਲਾਂ ਦਾ ਇੱਕ ਜਸ਼ਨ ਹੈ, ਜਿਨ੍ਹਾਂ ਨੂੰ ਇਮਾਨਦਾਰੀ ਅਤੇ ਸੰਵੇਦਨਸ਼ੀਲਤਾ ਨਾਲ ਪਰੋਇਆ ਗਿਆ ਹੈ। ਲੇਖਕ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਹਿਤਕ ਰੁਚੀਆਂ ਸਾਡੀ ਭਾਵਨਾਤਮਕ ਸੂਝ ਅਤੇ ਸੱਭਿਆਚਾਰਕ ਚੇਤਨਾ ਨੂੰ ਅਮੀਰ ਬਣਾਉਂਦੀਆਂ ਹਨ, ਅਤੇ ਸਾਨੂੰ ਵਧੇਰੇ ਹਮਦਰਦ ਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਵਿਅਕਤੀ ਬਣਾਉਂਦੀਆਂ ਹਨ।

ਆਪਣੇ ਵਿਚਾਰ ਸਾਂਝੇ ਕਰਦਿਆਂ ਜਸਮੇਰ ਸਿੰਘ ਢੱਟ ਨੇ ਦੱਸਿਆ ਕਿ 'ਯਾਦਾਂ ਦਾ ਫੁੱਲਦਸਤਾ' ਕਈ ਸਾਲਾਂ ਦੌਰਾਨ ਇਕੱਤਰ ਕੀਤੇ ਯਾਦਗਾਰੀ ਤਜ਼ਰਬਿਆਂ, ਭਾਵਨਾਵਾਂ ਅਤੇ ਵਿਚਾਰਾਂ ਦਾ ਸੰਗ੍ਰਹਿ ਹੈ। ਉਨ੍ਹਾਂ ਕਿਹਾ, "ਹਰ ਵਿਅਕਤੀ ਆਪਣੇ ਅੰਦਰ ਯਾਦਾਂ ਦਾ ਇੱਕ ਅਜਿਹਾ ਖਜ਼ਾਨਾ ਸੰਭਾਲੀ ਰੱਖਦਾ ਹੈ ਜੋ ਉਸਦੀ ਪਛਾਣ ਨੂੰ ਘੜਦਾ ਹੈ।" 'ਯਾਦਾਂ ਦਾ ਫੁੱਲਦਸਤਾ' ਰਾਹੀਂ ਉਨ੍ਹਾਂ ਨੇ ਉਨ੍ਹਾਂ ਕੀਮਤੀ ਪਲਾਂ—ਖੁਸ਼ੀ ਅਤੇ ਗਮ, ਉਮੀਦ ਅਤੇ ਦ੍ਰਿੜ੍ਹਤਾ, ਲੋਕਾਂ ਅਤੇ ਥਾਵਾਂ—ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਉਨ੍ਹਾਂ ਦੇ ਜੀਵਨ ਦੇ ਸਫ਼ਰ ਨੂੰ ਰੌਸ਼ਨ ਕਰਦੇ ਰਹਿੰਦੇ ਹਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਪਾਠਕ ਇਨ੍ਹਾਂ ਪੰਨਿਆਂ ਵਿੱਚ ਆਪਣੀ ਜ਼ਿੰਦਗੀ ਦੀ ਝਲਕ ਦੇਖਣਗੇ ਅਤੇ ਉਨ੍ਹਾਂ ਯਾਦਾਂ ਦੀ ਨਿੱਘ ਨੂੰ ਮੁੜ ਮਹਿਸੂਸ ਕਰਨਗੇ ਜਿਨ੍ਹਾਂ ਨੂੰ ਸਮਾਂ ਕਦੇ ਵੀ ਮਿਟਾ ਨਹੀਂ ਸਕਦਾ।

ਉੱਘੇ ਸਾਹਿਤਕਾਰ ਸ. ਗੁਰਭਜਨ ਗਿੱਲ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਸ੍ਰੀ ਢੱਟ ਨਾਲ ਸਾਂਝੇ ਕੀਤੇ ਤਜ਼ਰਬਿਆਂ ਨੂੰ ਯਾਦ ਕੀਤਾ ਅਤੇ ਉਸ ਬੇਮਿਸਾਲ ਸਫ਼ਰ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਜੋ ਲੇਖਕ ਨੇ ਸੱਭਿਆਚਾਰਕ ਅਤੇ ਵਿਰਾਸਤੀ ਸਾਂਝਾਂ ਨੂੰ ਕਾਇਮ ਰੱਖਣ ਲਈ ਸਾਲਾਂ ਤੱਕ ਜਾਰੀ ਰੱਖਿਆ।

ਧੰਨਵਾਦੀ ਮਤਾ ਪੇਸ਼ ਕਰਦਿਆਂ, ਪੀ.ਏ.ਯੂ. (PAU) ਯੰਗ ਰਾਈਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਡਾ. ਬਿਕਰਮਜੀਤ ਸਿੰਘ ਨੇ ਵਾਈਸ-ਚਾਂਸਲਰ, ਮੁੱਖ ਮਹਿਮਾਨ, ਮੁੱਖ ਬੁਲਾਰੇ, ਲੇਖਕ ਅਤੇ ਸਮੂਹ ਭਾਗੀਦਾਰਾਂ ਦਾ ਇਸ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਅਰਥਪੂਰਨ ਸਾਹਿਤਕ ਉਪਰਾਲਿਆਂ ਰਾਹੀਂ ਸਾਹਿਤਕ ਸਿਰਜਣਾਤਮਕਤਾ ਨੂੰ ਪ੍ਰਫੁੱਲਿਤ ਕਰਨ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਅਮੀਰ ਵਿਰਾਸਤ ਨੂੰ ਉਤਸ਼ਾਹਿਤ ਕਰਨ ਲਈ ਐਸੋਸੀਏਸ਼ਨ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਪ੍ਰੋਗਰਾਮ ਵਿੱਚ ਡਾ. ਅਜਮੇਰ ਸਿੰਘ ਢੱਟ, ਡਾ. ਤਰਸੇਮ ਸਿੰਘ ਢਿੱਲੋਂ, ਸ. ਗੁਰਪ੍ਰੀਤ ਸਿੰਘ ਤੂਰ, ਡਾ. ਮਾਨ ਸਿੰਘ ਤੂਰ, ਪ੍ਰਿੰਸੀਪਲ ਪਰਗਟ ਸਿੰਘ ਗਰਚਾ, ਸ੍ਰੀ ਦਵਿੰਦਰ ਸਿੰਘ ਲੋਟੇ, ਸ੍ਰੀ ਜਸਵਿੰਦਰ ਸਿੰਘ ਵਿਰਕ, ਪ੍ਰਿੰਸੀਪਲ ਮਨਪ੍ਰੀਤ ਕੌਰ ਵਿਰਕ, ਸ. ਅਮਰਜੀਤ ਸਿੰਘ ਗਰੇਵਾਲ, ਐਡਵੋਕੇਟ ਕਿਰਪਾਲ ਸਿੰਘ ਕਾਲੜਾ, ਗਗਨਦੀਪ ਸਿੰਘ, ਜਨਮੇਜਾ ਸਿੰਘ ਜੋਹਲ, ਗੁਰਚਰਨ ਕੌਰ ਕੋਛੜ, ਗੁਲਜ਼ਾਰ ਸਿੰਘ ਪੰਧੇਰ, ਹਰੀ ਸਿੰਘ ਜ਼ਚਕ, ਸਤੀਸ਼ ਗੁਲਾਟੀ, ਸਤਵੀਰ ਸਿੰਘ ਅਤੇ ਹੋਰ ਉੱਘੇ ਲੇਖਕਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਸਾਹਿਤ ਪ੍ਰੇਮੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ; ਉਨ੍ਹਾਂ ਨੇ ਇਸ ਕਿਤਾਬ ਨੂੰ ਸਮਕਾਲੀ ਪੰਜਾਬੀ ਸਾਹਿਤ ਵਿੱਚ ਇੱਕ ਕੀਮਤੀ ਯੋਗਦਾਨ ਦੱਸਿਆ। ਕਈ ਬੁਲਾਰਿਆਂ ਨੇ ਨਿੱਜੀ ਬਿਰਤਾਂਤਾਂ ਨੂੰ ਕਲਮਬੱਧ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਅਜਿਹੀਆਂ ਰਚਨਾਵਾਂ ਨਾ ਸਿਰਫ਼ ਵਿਅਕਤੀਗਤ ਸਫ਼ਰਾਂ ਨੂੰ, ਸਗੋਂ ਸਮਾਜ ਦੀ ਸਮੂਹਿਕ ਯਾਦ ਨੂੰ ਵੀ ਸੰਭਾਲ ਕੇ ਰੱਖਦੀਆਂ ਹਨ।

## ਕ੍ਰਿਕਟ ਪ੍ਰੀਮੀਅਰ ਲੀਗ ਰਾਹੀਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਲੋੜ : ਅਰਸ਼ ਸੱਚਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 20 ਜੁਲਾਈ : ਕ੍ਰਿਕਟ ਪ੍ਰੀਮੀਅਰ ਲੀਗ ਦੇ ਮੌਕੇ 'ਤੇ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਨੌਜਵਾਨ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਖੇਡ ਭਾਵਨਾ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਰਸ਼ ਸੱਚਰ ਨੇ ਕਿਹਾ ਕਿ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਹੈ। ਖੇਡਾਂ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ, ਸਗੋਂ ਅਨੁਸ਼ਾਸਨ, ਟੀਮ ਭਾਵਨਾ, ਆਤਮ-ਵਿਸ਼ਵਾਸ, ਲੀਡਰਸ਼ਿਪ ਅਤੇ ਸਕਾਰਾਤਮਕ ਸੋਚ ਦਾ ਵੀ ਵਿਕਾਸ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਨੌਜਵਾਨ ਆਪਣੀ ਊਰਜਾ ਨੂੰ ਖੇਡਾਂ ਅਤੇ ਉਸਾਰੂ ਗਤੀਵਿਧੀਆਂ ਵਿੱਚ ਲਗਾਉਂਦੇ ਹਨ ਤਾਂ ਉਹ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਆਪਣੇ ਆਪ ਦੂਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਨੌਜਵਾਨ ਸ਼ਕਤੀ ਨੂੰ ਖੇਡਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਉਚਿਤ ਮੌਕੇ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਸਮਾਜ ਦੇ ਹਰ ਵਰਗ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਦਾ ਹੌਸਲਾ ਵਧਾਉਣ ਅਤੇ ਖੇਡਾਂ ਪ੍ਰਤੀ ਸਕਾਰਾਤਮਕ ਮਾਹੌਲ ਸਿਰਜਣ ਵਿੱਚ ਆਪਣਾ ਯੋਗਦਾਨ ਪਾਵੇ, ਤਾਂ ਜੋ ਇੱਕ ਤੰਦਰੁਸਤ, ਅਨੁਸ਼ਾਸਿਤ, ਨਸ਼ਾ-ਮੁਕਤ ਅਤੇ ਤਰੱਕੀਸ਼ੀਲ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ। ਅਰਸ਼ ਸੱਚਰ ਨੇ ਪ੍ਰੀਮੀਅਰ ਲੀਗ ਦੇ ਸਫ਼ਲ ਆਯੋਜਨ ਲਈ ਗੋਪੀ ਜੀ, ਡਾ. ਆਕਾਸ਼ ਜੀ (ਪੱਪੀ ਹੱਟ) ਅਤੇ ਮਾਨ ਅਕੈਡਮੀ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਟੂਰਨਾਮੈਂਟ ਨੌਜਵਾਨਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਖੇਡ ਭਾਵਨਾ, ਅਨੁਸ਼ਾਸਨ, ਆਪਸੀ ਭਾਈਚਾਰੇ ਅਤੇ ਮੁਕਾਬਲੇ ਦੀ ਸਿਹਤਮੰਦ ਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਉਨ੍ਹਾਂ ਟੂਰਨਾਮੈਂਟ ਦੀਆਂ ਸਾਰੀਆਂ ਜੇਤੂ ਟੀਮਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਸ ਦੇ ਨਾਲ ਹੀ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਮੂਹ ਟੀਮਾਂ, ਖਿਡਾਰੀਆਂ, ਪ੍ਰਬੰਧਕਾਂ, ਕੋਚਾਂ, ਆਯੋਜਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸਲ ਜਿੱਤ ਖੇਡ ਭਾਵਨਾ, ਅਨੁਸ਼ਾਸਨ ਅਤੇ ਏਕਤਾ ਦੀ ਹੁੰਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸਾਰੇ ਖਿਡਾਰੀ ਇਸੇ ਜਜ਼ਬੇ ਨਾਲ ਅੱਗੇ ਵੱਧਦੇ ਹੋਏ ਆਪਣੇ ਪਰਿਵਾਰ, ਜ਼ਿਲ੍ਹੇ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨਗੇ। ਅੰਤ ਵਿੱਚ ਅਰਸ਼ ਸੱਚਰ ਨੇ ਕਿਹਾ ਕਿ "ਤੰਦਰੁਸਤ ਨੌਜਵਾਨ • ਨਸ਼ਾ-ਮੁਕਤ ਸਮਾਜ • ਰੰਗਲਾ ਪੰਜਾਬ" ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸਾਡਾ ਸਾਂਝਾ ਸੰਕਲਪ ਹੈ। ਇਸ ਸੰਕਲਪ ਨੂੰ ਸਾਕਾਰ ਕਰਨ ਲਈ ਖੇਡਾਂ ਨੂੰ ਪ੍ਰਫੁੱਲਤ ਕਰਨਾ, ਨੌਜਵਾਨਾਂ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

## ਸੁਰਤਿ ਦਾ ਵਰਖਾ ਰੁੱਤ ਅੰਕ ਡਾ. ਸ ਸ ਜੌਹਲ ਵੱਲੋਂ ਲੁਧਿਆਣਾ ਵਿੱਚ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 20 ਜੁਲਾਈ : ਅੰਮ੍ਰਿਤਸਰ ਤੋਂ ਛਪਦੇ ਸਾਹਿੱਤਕ ਚੌਮਾਸਿਕ ਪੱਤਰ "ਸੁਰਤਿ" ਦਾ ਵਰਖਾ ਰੁੱਤ ਅੰਕ ਲੁਧਿਆਣਾ ਵਿੰਚ ਸਦੀ ਜਿੱਡੀ ਮਹਾਨ ਸ਼ਖਸੀਅਤ ਪਦਮ ਵਿਭੂਸ਼ਨ ਡਾ. ਸ ਸ ਜੌਹਲ ਹੱਥੋਂ ਲੋਕ ਅਰਪਣ ਕਰਵਾਇਆ ਗਿਆ। ਇਸ ਅੰਕ ਵਿੱਚ ਲਗਪਗ 35 ਪੰਨਿਆਂ ਵਿੱਚ ਫੈਲਿਆ ਪ੍ਰਿੰਸੀਪਲ ਸਰਵਣ ਸਿੰਘ ਢੁੱਡੀ ਕੇ, ਡਾ. ਸਾਂਵਲ ਧਾਮੀ ਤੇ ਗੁਰਬੀਰ ਸਿੰਘ ਬਰਾੜ ਵੱਲੋਂ ਲਿਖਿਆ ਲੇਖ ਤੇ ਮੁਲਾਕਾਤਾਂ ਸ਼ਾਮਿਲ। ਅੱਜ ਸਵੇਰੇ ਇਸ ਮੈਗਜ਼ੀਨ ਦੀ ਕਾਪੀ ਪ੍ਰੋ. ਗੁਰਭਜਨ ਸਿੰਘ ਗਿੱਲ, ਸ. ਜਗਦੀਸ਼ਪਾਲ ਸਿੰਘ ਗਰੇਵਾਲ ਤੇ ਵਰਿੰਦਰ ਮਿੱਤਲ ਜੀ ਨੇ ਡਾ. ਜੌਹਲ ਨੂੰ ਭੇਂਟ ਕੀਤੀ। ਉਨ੍ਹਾਂ ਇਸ ਵੱਡ ਆਕਾਰੀ ਖ਼ੂਬਸੂਰਤ ਮੈਗਜ਼ੀਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਅੰਕ ਵਿੱਚ ਉਨ੍ਹਾਂ ਦੀ ਉਹ ਤਸਵੀਰ ਵੀ ਸ਼ਾਮਿਲ ਹੈ ਜੋ ਉਨ੍ਹਾਂ ਵੱਲੋਂ 1951 ਵਿੱਚ ਖੇਤੀਬਾੜੀ ਕਾਲਿਜ ਲੁਧਿਆਣਾ ਵਿੱਚ ਪੜ੍ਹਦਿਆਂ ਪਹਿਲੀ ਗਣਤੰਤਰ ਪਰੇਡ ਦੀ ਐੱਨ ਸੀ ਸੀ ਟੁਕੜੀ ਦੀ ਪੂਰੇ ਭਾਰਤ ਦੇ ਕੈਡਿਟਸ ਵੱਲੋਂ ਅਗਵਾਈ ਕੀਤੀ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਹੁੰਦਿਆਂ ਨੋਬਲ ਪੁਰਸਕਾਰ ਵਿਜੇਤਾ ਮਦਰ ਟੈਰੇਸਾ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਨਿਰਦੇਸ਼ਕ ਖੋਜ ਹੁੰਦਿਆਂ ਪ੍ਰਿੰਸ ਚਾਰਲਸ ਦੀ ਯੂਨੀਵਰਸਿਟੀ ਫੇਰੀ ਦੀ ਤਸਵੀਰ ਵੀ ਇਸ ਅੰਕ ਦਾ ਸ਼ਿੰਗਾਰ ਹੈ।



ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡਾ. ਸ ਸ ਜੌਹਲ ਨੂੰ ਸੁਰਤਿ ਬਾਰੇ ਜਾਣਕਾਰੀ ਦੇਦਿਆਂ ਦੱਸਿਆ ਕਿ ਪਰਚੇ ਵਿੱਚ ਬਹੁਤ ਕੁਝ ਨਵਾਂ ਨਵੇਲਾ ਹੈ। ਪਰਵੇਜ਼ ਸੰਧੂ ਦੀ ਕਹਾਣੀ ਹੈ" ਇੱਕ ਜੋੜੀ ਉਕਾਬਾਂ ਦੀ",ਤ੍ਰਿਪਤਾ ਕੇ ਸਿੰਘ, ਸਰਘੀ, ਅਜਮੇਰ ਰੋਡੇ, ਅਲੀ ਉਸਮਾਨ ਬਾਜਵਾ, ਜਿੰਦਰ ਤੇ ਨਵੇਂ ਕਹਾਣੀਕਾਰ ਸਰਬਾਜ਼ ਦੀਆਂ ਵੀ ਕਹਾਣੀਆਂ ਨੇ। ਪੰਜਾਬ ਖੇਤੀ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਤੇ "ਧੁੱਪ ਦਰਿਆ ਦੀ ਦੋਸਤੀ " ਨਾਵਲ ਦੇ ਸਿਰਜਕ ਤੇ ਕਹਾਣੀਕਾਰ ਵੀ ਡਾ. ਜਗਜੀਤ ਬਰਾੜ ਦਾ ਲੇਖ ਵੀ ਹੈ।

ਇਸ ਅੰਕ ਵਿੱਚ ਬਲਦੇਵ ਧਾਲੀਵਾਲ ਨੇ ਸੁਖਜੀਤ ਦੀਆਂ ਕਹਾਣੀਆਂ ਬਾਰੇ, ਬਲਦੇਵ ਸਿੰਘ ਮੋਗਾ ਨੇ ਢਾਹਾਂ ਪੁਰਸਕਾਰ ਵੇਲੇ ਮਿਲੇ ਆਦਰ ਤੇ ਖਿੱਚ ਧੂਹ ਦਾ ਜੀਵੰਤ ਜ਼ਿਕਰ ਕੀਤੈ। ਬੂਟਾ ਸਿੰਘ ਚੌਹਾਨ ਕੇ ਸੁਰਿੰਦਰ ਦਾਊਮਾਜਰਾ ਵੀ ਹਾਜ਼ਰ ਨੇ। ਭਾਰਤ ਦੇ ਕੱਦਾਵਰ ਕੁਸ਼ਲ ਪ੍ਰਸ਼ਾਸਕ ਸ. ਮਨੋਹਰ ਸਿੰਘ ਗਿੱਲ ਦੀ ਧੀ ਅਤੇ ਆਪ ਵਿਸ਼ਵ ਪਛਾਣ ਰੱਖਦੀ ਫੋਟੋ ਕਲਾਕਾਰ ਗੌਰੀ ਗਿੱਲ ਦੀਆਂ ਖਿੱਚੀਆਂ ਸਿਰਜਣਾਤਮਕ ਤਸਵੀਰਾਂ ਦਾ ਰੰਗ ਨਵੇਲਾ ਹੈ।
ਪਰਵੇਜ਼ ਸੰਧੂ ਦੀ ਨਵੀਂ ਕਹਾਣੀ ਕਿਤਾਬ "ਪਰ ਹੀਣ ਪਰਿੰਦੇ" ਬਾਰੇ ਡਾ. ਹਰਿਭਜਨ ਸਿੰਘ ਭਾਟੀਆ ਦੀ ਵਿਸ਼ਾਲ ਪਰਤਾਂ ਫੋਲਦਾ ਰੀਵੀਊ ਹੈ। ਵਰਿਆਮ ਸਿੰਘ ਸੰਧੂ, ਜਸਵੰਤ ਦੀਦ ਤੇ ਹਰਕੀਰਤ ਕੌਰ ਚਾਹਲ ਦੀਆਂ ਨਵੀਆਂ ਕਿਤਾਬਾਂ ਦੇ ਮੁਲਾਂਕਣ ਨੇ। ਪ੍ਰਵਾਸ ਦੇ ਦੂਹਰੇ ਦਬਾਅ ਹੇਠ ਪੰਜਾਬ ਬਾਰੇ ਡਾ. ਗੁਰਮੁਖ ਸਿੰਘ ਤੇ ਡਾ, ਗੁਰਪ੍ਰੀਤ ਦੇ ਨਾਲ ਹੀ ਡਾ. ਪਰਮਜੀਤ ਢੀਂਗਰਾ, ਜਸਬੀਰ ਭੁੱਲਰ, ਡਾ. ਪ੍ਰੇਮ ਸਿੰਘ ਮਾਨ, ਗੁਰਬਚਨ,ਡਾ. ਗੁਰਉਪਦੇਸ਼ ਸਿੰਘ, ਪ੍ਰੋ. ਪ੍ਰੀਤਮ ਸਿੰਘ ਔਕਸਫੋਰਡ, ਲਲਿਤ ਕੁਮਾਰ ,ਮਨਜੀਤ ਪੁਰੀ, ਸੁਕੀਰਤ, ਗੁਰਪ੍ਰੀਤ ਮਾਨਸਾ ਤੇ ਹ ਸ ਡਿੰਪਲ ਦੀਆਂ ਲਿਖਤਾਂ ਵੀ ਨੇ। ਸਤਲੁਜ ਫਿਲਮ ਬਾਰੇ ਡਾ. ਗੁਰਮੁਖ ਸਿੰਘ ਦਾ ਲੇਖ ਵਿਸ਼ੇਸ਼ ਰੂਪ ਵਿੱਚ ਪੇਸ਼ ਪੇਸ਼ ਹੈ। ਸੁਖਬੀਰ ਸਿੰਘ ਸੰਧੂ ਤੇ ਉਸ ਦੀ 53 ਸਾਲ ਪਹਿਲਾਂ ਛਪੀ ਗ਼ਜ਼ਲ ਪੁਸਤਕ "ਪਾਇਲ" ਦੇ ਪੁਨਰ ਪ੍ਰਕਾਸ਼ਨ ਹਵਾਲੇ ਨਾਲ ਮੇਰਾ ਵੀ ਇੱਕ ਲੇਖ ਇਸ ਵਿੱਚ ਸ਼ਾਮਿਲ ਹੈ। ਇਸ ਅੰਕ ਵਿੱਚ ਅਫ਼ਜ਼ਲ ਸਾਹਿਰ, ਕੁਲਵਿੰਦਰ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ,ਸਤੀਸ਼ ਗੁਲਾਟੀ, ਗੁਰਤੇਜ ਕੋਹਾਰਵਾਲਾ, ਹਰਜਿੰਦਰ ਕੰਗ ਗ਼ਜ਼ਲਾਂ ਸਮੇਤ।

ਆਜ਼ਾਦ ਨਜ਼ਮ ਦੇ ਸ਼ਾਇਰ ਨਵਤੇਜ ਭਾਰਤੀ, ਪਰਮਿੰਦਰ ਸੋਢੀ, ਅਮਰਜੀਤ ਗਰੇਵਾਲ, ਸਵਰਨਜੀਤ ਸਵੀ, ਜਗਤਾਰ ਢਾਅ, ਦਰਸ਼ਨ ਬੁਲੰਦਵੀ, ਸੁਰਿੰਦਰ ਗੀਤ, ਅਮਰਜੀਤ ਕੌਂਕੇ, ਹਰਮੀਤ ਵਿਦਿਆਰਥੀ, ਅਜੈ ਤਨਵੀਰ, ਡਾ. ਲਖਵਿੰਦਰ ਸਿੰਘ ਗਿੱਲ, ਸੰਦੀਪ ਜਸਵਾਲ, ਸੁਖਵਿੰਦਰ। ਰਾਜਵਿੰਦਰ ਬਰਾੜ ਤੇ ਸੰਦੀਪ ਚੌਹਾਨ ਵੀ ਕਵਿਤਾਵਾਂ ਗ਼ਜ਼ਲਾਂ ਸਮੇਤ ਹਾਜ਼ਰ ਹਨ। ਨਿਰਲੇਪ ਸਿੰਘ ਨੇ ਸੁਰਖ਼ਾਬ ਦੀ ਪਲੇਠੀ ਕਾਵਿ ਕਿਤਾਬ " ਵੈਤਰਣੀ" ਸੰਗ ਵਿਚਰਦਿਆਂ ਲਿਖਿਆ ਹੈ। ਇਸ ਮੌਕੇ ਡਾ. ਸ ਸ ਜੌਹਲ ਜੀ ਦੇ ਸਪੁੱਤਰ ਜਨਮੇਜਾ ਸਿੰਘ ਜੌਹਲ ਵੀ ਹਾਜ਼ਰ ਸਨ।

## ਮਿਲੇਨੀਅਮ ਸਕੂਲ ਵਿਖੇ 'ਆਰੋਗਿਆ ਭਾਰਤੀ ਮਹਿਲਾ ਸੰਮੇਲਨ' ਕਰਵਾਇਆ, ਔਰਤਾਂ ਨੂੰ ਸਿਹਤ ਪ੍ਰਤੀ ਕੀਤਾ ਜਾਗਰੂਕ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 20 ਜੁਲਾਈ : ਮੋਗਾ-ਕੋਟਕਪੂਰਾ ਰੋਡ 'ਤੇ ਪੰਜਗਰਾਈ ਨੇੜੇ ਸਥਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਕਰਵਾਏ ਗਏ "ਆਰੋਗਿਆ ਭਾਰਤੀ ਮਹਿਲਾ ਸੰਮੇਲਨ" ਮੌਕੇ ਕੇਂਦਰੀ ਯੋਗ ਅਤੇ ਕੁਦਰਤੀ ਚਿਕਿਤਸਾ ਅਨੁਸੰਧਾਨ ਪਰਿਸ਼ਦ, ਆਯੁਸ਼ ਮੰਤਰਾਲਾ, ਭਾਰਤ ਸਰਕਾਰ ਦੀ ਡਾਇਰੈਕਟਰ ਡਾ. ਜੋਤੀ ਕੇਸਵਾਨੀ, ਆਰੋਗਿਆ ਭਾਰਤੀ ਪੰਜਾਬ ਦੇ ਪ੍ਰਧਾਨ ਅਤੇ ਸਾਬਕਾ ਸਿਵਲ ਸਰਜਨ ਫਰੀਦਕੋਟ ਡਾ. ਚੰਦਰਸ਼ੇਖਰ, ਡਾ. ਰਵੀ ਬਾਂਸਲ (ਚੰਡੀਗੜ੍ਹ ਹਸਪਤਾਲ, ਕੋਟਕਪੂਰਾ) ਅਤੇ ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਸੀਨੀਅਰ ਆਗੂ ਸ਼੍ਰੀਮਤੀ ਸੁਨੀਤਾ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਕੂਲ ਪਹੁੰਚਣ 'ਤੇ ਸਕੂਲ ਮੈਨੇਜਮੈਂਟ ਕਮੇਟੀ ਦੀ ਡਾਇਰੈਕਟਰ ਸੀਮਾ ਸ਼ਰਮਾ, ਪ੍ਰਧਾਨ ਵਾਸੂ ਸ਼ਰਮਾ, ਚੇਅਰਪਰਸਨ ਰਕਸ਼ੰਦਾ ਸ਼ਰਮਾ, ਪ੍ਰਿੰਸੀਪਲ ਨੀਲਮ ਅਰੋੜਾ ਅਤੇ ਸਮੂਹ ਅਧਿਆਪਕਾਂ ਵੱਲੋਂ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਮੇਲਨ ਵਿੱਚ ਸ਼ਮੂਲੀਅਤ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਉਪਰੰਤ "ਆਰੋਗਿਆ ਭਾਰਤੀ ਮਹਿਲਾ ਸੰਮੇਲਨ" ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਉਨ੍ਹਾਂ ਦੀ ਸਿਹਤ, ਯੋਗ, ਕੁਦਰਤੀ ਚਿਕਿਤਸਾ ਅਤੇ ਸਿਹਤਮੰਦ ਜੀਵਨ ਸ਼ੈਲੀ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਪਰਿਵਾਰ ਅਤੇ ਸਮਾਜ ਦੀ ਮਜ਼ਬੂਤ ਸਿਹਤ ਸੰਭਾਲਕ ਵਜੋਂ ਸਸ਼ਕਤ ਬਣਾਉਣਾ ਸੀ। ਪ੍ਰੋਗਰਾਮ ਵਿੱਚ ਕੇਂਦਰੀ ਯੋਗ ਅਤੇ ਕੁਦਰਤੀ ਚਿਕਿਤਸਾ ਅਨੁਸੰਧਾਨ ਪਰਿਸ਼ਦ, ਆਯੁਸ਼ ਮੰਤਰਾਲਾ, ਭਾਰਤ ਸਰਕਾਰ ਦੀ ਡਾਇਰੈਕਟਰ ਡਾ. ਜੋਤੀ ਕੇਸਵਾਨੀ ਨੇ ਮੁੱਖ ਵਕਤਾ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ "ਇੱਕ ਸਿਹਤਮੰਦ ਮਹਿਲਾ ਹੀ ਸਿਹਤਮੰਦ ਪਰਿਵਾਰ ਅਤੇ ਸਿਹਤਮੰਦ ਸਮਾਜ ਦੀ ਨੀਂਹ ਹੁੰਦੀ ਹੈ। ਜੇਕਰ ਮਹਿਲਾਵਾਂ ਆਪਣੇ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਯੋਗ, ਕੁਦਰਤੀ ਚਿਕਿਤਸਾ, ਸੰਤੁਲਿਤ ਆਹਾਰ ਅਤੇ ਸਕਾਰਾਤਮਕ ਜੀਵਨ ਸ਼ੈਲੀ ਅਪਣਾਉਣ ਤਾਂ ਜੀਵਨ ਸ਼ੈਲੀ ਨਾਲ ਜੁੜੀਆਂ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਮਹਿਲਾਵਾਂ ਨੂੰ ਆਪਣੇ ਸਿਹਤ ਨੂੰ ਪਹਿਲ ਦੇਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦੇ ਤੰਦਰੁਸਤ ਰਹਿਣ ਨਾਲ ਪੂਰਾ ਪਰਿਵਾਰ ਸਿਹਤਮੰਦ ਅਤੇ ਖੁਸ਼ਹਾਲ ਰਹਿੰਦਾ ਹੈ।" ਉਨ੍ਹਾਂ ਮਹਿਲਾਵਾਂ ਨੂੰ ਤਣਾਅ-ਮੁਕਤ ਜੀਵਨ ਜਿਊਣ, ਨਿਯਮਿਤ ਯੋਗ ਕਰਨ, ਸੰਤੁਲਿਤ ਭੋਜਨ ਅਪਣਾਉਣ ਅਤੇ ਕੁਦਰਤੀ ਚਿਕਿਤਸਾ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੀ ਭੱਜਦੌੜ ਭਰੀ ਜ਼ਿੰਦਗੀ ਵਿੱਚ ਮਹਿਲਾਵਾਂ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੇ ਸਿਹਤ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ, ਜਦਕਿ ਉਨ੍ਹਾਂ ਦਾ ਆਪਣਾ ਸਿਹਤਮੰਦ ਰਹਿਣਾ ਵੀ ਬਹੁਤ ਜ਼ਰੂਰੀ ਹੈ। ਪ੍ਰੋਗਰਾਮ ਦਾ ਸ਼ੁਭ ਆਰੰਭ ਦੀਪ ਪ੍ਰਜਵਲਿਤ ਕਰਕੇ ਕੀਤਾ ਗਿਆ। ਇਸ ਮੌਕੇ ਸਕੂਲ ਦੀ ਡਾਇਰੈਕਟਰ ਸੀਮਾ ਸ਼ਰਮਾ, ਪ੍ਰਧਾਨ ਵਾਸੂ ਸ਼ਰਮਾ, ਚੇਅਰਪਰਸਨ ਰਕਸ਼ੰਦਾ ਸ਼ਰਮਾ ਅਤੇ ਪ੍ਰਿੰਸੀਪਲ ਨੀਲਮ ਅਰੋੜਾ ਹਾਜ਼ਰ ਸਨ। ਆਰੋਗਿਆ ਭਾਰਤੀ ਮਹਿਲਾ ਸੰਮੇਲਨ ਵਿੱਚ ਆਸ-ਪਾਸ ਦੇ ਇਲਾਕਿਆਂ ਦੀਆਂ ਵੱਡੀ ਗਿਣਤੀ ਵਿੱਚ ਮਹਿਲਾਵਾਂ, ਸਕੂਲ ਦੀਆਂ ਮਹਿਲਾ ਅਧਿਆਪਕਾਵਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਮਹਿਲਾਵਾਂ ਨੇ ਸਿਹਤ, ਪੋਸ਼ਣ, ਯੋਗ ਅਤੇ ਕੁਦਰਤੀ ਚਿਕਿਤਸਾ ਨਾਲ ਸੰਬੰਧਿਤ ਵੱਖ-ਵੱਖ ਸਵਾਲ ਪੁੱਛੇ, ਜਿਨ੍ਹਾਂ ਦੇ ਡਾ. ਜੋਤੀ ਕੇਸਵਾਨੀ ਨੇ ਵਿਗਿਆਨਕ ਅਤੇ ਸਰਲ ਢੰਗ ਨਾਲ ਜਵਾਬ ਦਿੱਤੇ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਡਾ. ਜੋਤੀ ਕੇਸਵਾਨੀ ਦਾ ਸਨਮਾਨ ਕੀਤਾ ਗਿਆ ਅਤੇ ਮਹਿਲਾਵਾਂ ਦੀ ਸਿਹਤ ਅਤੇ ਜਾਗਰੂਕਤਾ ਲਈ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਦੀ ਵਚਨਬੱਧਤਾ ਪ੍ਰਗਟਾਈ ਗਈ। ਹਾਜ਼ਰ ਮਹਿਲਾਵਾਂ ਨੇ ਯੋਗ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਆਪਣੇ ਅਤੇ ਆਪਣੇ ਪਰਿਵਾਰ ਨੂੰ ਤੰਦਰੁਸਤ ਰੱਖਣ ਦਾ ਸੰਕਲਪ ਵੀ ਲਿਆ।

## 1786 ਪੋਲਿੰਗ ਬੂਥਾਂ 'ਤੇ ਲੱਗੇ ਐਸ.ਆਈ.ਆਰ. ਵਿਸ਼ੇਸ਼ ਕੈਂਪ,

### ਪਟਿਆਲਾ ਜ਼ਿਲ੍ਹੇ ਭਰ 'ਚ ਪਹਿਲਾਂ ਫਾਰਮ ਭਰਨ ਤੋਂ ਬਾਕੀ ਨਾਗਰਿਕਾਂ ਨੇ ਗਣਨਾ ਫਾਰਮ ਭਰਕੇ ਜਮ੍ਹਾਂ ਕਰਵਾਏ

### ਭਾਰਤੀ ਚੋਣ ਕਮਿਸ਼ਨ ਦੇ ਸੋਧੇ ਸ਼ਡਿਊਲ ਅਨੁਸਾਰ ਪੂਰੀ ਹੋਵੇਗੀ ਐਸ.ਆਈ.ਆਰ. ਦੀ ਪ੍ਰਕਿਰਿਆ: ਡਾ. ਹਿਮਾਂਸ਼ੂ ਅਗਰਵਾਲ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 20 ਜੁਲਾਈ : ਪਟਿਆਲਾ ਜ਼ਿਲ੍ਹੇ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਤਹਿਤ ਗਣਨਾ ਫਾਰਮ ਭਰਨ ਅਤੇ ਜਮ੍ਹਾਂ ਕਰਵਾਉਣ ਲਈ ਅੱਜ ਸਾਰੇ 1786 ਪੋਲਿੰਗ ਬੂਥਾਂ 'ਤੇ ਲੱਗੇ ਵਿਸ਼ੇਸ਼ ਕੈਂਪਾਂ ਨੂੰ ਵੋਟਰਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਮੁੱਖ ਚੋਣ ਅਫ਼ਸਰ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਸਾਰੇ ਪੋਲਿੰਗ ਬੂਥਾਂ 'ਤੇ ਲੱਗੇ ਇਨ੍ਹਾਂ ਕੈਂਪ ਵਿੱਚ ਪਹਿਲਾਂ ਕਿਸੇ ਕਾਰਨ ਅਪਣੇ ਫਾਰਮ ਨਾ ਭਰ ਸਕਣ ਵਾਲੇ ਨਾਗਰਿਕਾਂ ਨੇ ਆਪਣੇ ਗਣਨਾ ਫਾਰਮ ਭਰੇ ਅਤੇ ਜਮ੍ਹਾਂ ਕਰਵਾਏ। ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰੀਵਿਜ਼ਨ ਸਬੰਧੀ ਜਾਰੀ ਕੀਤੇ ਸੋਧੇ ਸ਼ਡਿਊਲ ਅਨੁਸਾਰ ਜ਼ਿਲ੍ਹੇ ਵਿੱਚ ਐਸ.ਆਈ.ਆਰ. ਦੀ ਪੂਰੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਕੈਂਪਾਂ ਦੌਰਾਨ ਬੀਐਲਓਜ਼ ਨੇ ਵੋਟਰਾਂ ਨੂੰ ਗਣਨਾ ਫਾਰਮ ਭਰਨ ਅਤੇ ਜਮ੍ਹਾਂ ਕਰਵਾਉਣ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ। ਹੁਣ ਸੋਧੇ ਸ਼ਡਿਊਲ ਅਨੁਸਾਰ ਬੀਐਲਓਜ਼ ਵੱਲੋਂ ਅਗਲੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਘਰੋਂ-ਘਰੀਂ ਗਣਨਾ ਫਾਰਮਾਂ ਦੀ ਵੰਡ ਦਾ ਕੰਮ 3 ਅਗਸਤ, 2026 ਤੱਕ ਜਾਰੀ ਰਹੇਗਾ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਯੋਗ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਐਸ.ਆਈ.ਆਰ. ਪ੍ਰਕਿਰਿਆ ਵਿੱਚ ਸਰਗਰਮੀ ਨਾਲ ਭਾਗ ਲੈਣ ਅਤੇ ਆਪਣੇ ਚੋਣ ਵੇਰਵੇ ਸਹੀ ਤੇ ਅੱਪਡੇਟ ਕਰਵਾਉਣ।

## ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਪਿੰਡ ਰੁਖਾਲਾ ਵਿਖੇ ਗਰਮਜੋਸ਼ੀ ਨਾਲ ਸੁਆਗਤ : ਪੱਪੂ ਨੰਬਰਦਾਰ

### ਪਿੰਡ ਵਾਸੀਆਂ ਵੱਲੋਂ ਸਪੀਕਰ ਸੰਧਵਾਂ ਨੂੰ ਹਰ ਮਹੀਨੇ ਆਉਣ ਦਾ ਦਿੱਤਾ ਸੱਦਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 20 ਜੁਲਾਈ : ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਐਨੀ ਪਦਵੀ 'ਤੇ ਪਹੁੰਚਣ ਦੇ ਬਾਵਜੂਦ ਵੀ ਆਪਣਾ ਮਿਲਾਪੜਾ ਸੁਭਾਅ, ਨਿਮਰਤਾ ਅਤੇ ਨਿਮਾਣੇਪਣ ਨੂੰ ਕਾਇਮ ਰੱਖਿਆ ਹੈ। ਗੁਰਲਾਲ ਸਿੰਘ ਸੰਧੂ ਨੇ ਆਪਣੇ ਗ੍ਰਹਿ ਪਿੰਡ ਰੁਖਾਲਾ ਵਿਖੇ ਸਪੀਕਰ ਸੰਧਵਾਂ ਦੀ ਆਮਦ ਮੌਕੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਉਹ ਜਦੋਂ ਆਪਣੇ ਰਿਸ਼ਤੇਦਾਰ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਦੇ ਘਰ ਸਪੀਕਰ ਸੰਧਵਾਂ ਕੋਲ ਕੰਮ ਕਰਵਾਉਣ ਲਈ ਜਾਂਦੇ ਸਨ ਤਾਂ ਆਪਣੇ ਪਿੰਡ ਆਉਣ ਦਾ ਅਕਸਰ ਸੱਦਾ ਦਿੰਦੇ ਸਨ, ਜਿਸ ਨੂੰ ਕਬੂਲ ਕਰਦਿਆਂ ਸਪੀਕਰ ਸੰਧਵਾਂ ਨੇ ਆਪਣੀ ਟੀਮ ਸਮੇਤ ਮੇਰੇ ਗ੍ਰਹਿ ਵਿਖੇ ਪਹੁੰਚਣ ਦੀ ਖੇਚਲ ਕੀਤੀ ਹੈ। ਪਿੰਡ ਦੇ ਸਰਪੰਚ ਜਗਦੇਵ ਸਿੰਘ ਸੰਧੂ, ਸਾਬਕਾ ਸਰਪੰਚ ਸੁਖਦੇਵ ਸਿੰਘ ਸੰਧੂ ਸਮੇਤ ਦਿਲਬਾਗ ਸਿੰਘ ਸੰਧੂ, ਗੁਰਨਾਮ ਸਿੰਘ ਸੇਖੋਂ, ਕਰਨਵੀਰ ਸਿੰਘ ਸੰਧੂ, ਸ਼ੀਸ਼ਪਾਲ ਸਿੰਘ ਸੰਧੂ, ਪ੍ਰੀਤਇੰਦਰ ਸਿੰਘ ਸਿੱਧੂ, ਜਗਸੀਰ ਸਿੰਘ ਸੰਧੂ, ਗੁਰਜੰਟ ਸਿੰਘ ਰੁਪਾਣਾ, ਐਡਵੋਕੇਟ ਕੁਲਵਿੰਦਰ ਸਿੰਘ ਸੰਧੂ, ਇੰਦਰਜੀਤ ਸਿੰਘ ਨਿੱਕੂ, ਗੁਰਮੀਤ ਸਿੰਘ ਫੋਜੀ, ਬਬਲਜੀਤ ਸਿੰਘ ਸੰਧੂ, ਰਾਜਪਿੰਦਰ ਸਿੰਘ ਸੰਧੂ, ਇਕਬਾਲ ਸਿੰਘ ਕੋਟਭਾਈ, ਐਨ.ਆਰ.ਆਈ. ਹਰਬੀਰ ਸਿੰਘ ਸੰਧੂ ਅਤੇ ਗੁਰਮੇਲ ਸਿੰਘ ਕੋਟਭਾਈ ਸਮੇਤ ਇਲਾਕੇ ਦੀਆਂ ਉੱਘੀਆਂ ਸ਼ਖਸ਼ੀਅਤਾਂ ਦੀ ਜਾਣ-ਪਛਾਣ ਕਰਵਾਉਂਦਿਆਂ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਸਪੀਕਰ ਸੰਧਵਾਂ ਦੇ ਲਗਾਤਾਰ ਦੂਜੀ ਵਾਰ ਹਲਕਾ ਕੋਟਕਪੂਰਾ ਤੋਂ ਵਿਧਾਇਕ ਬਣਨ ਤੋਂ ਬਾਅਦ ਹਲਕਾ ਕੋਟਕਪੂਰਾ ਦਾ ਵਿਕਾਸ ਬਹੁਤ ਜਿਆਦਾ ਹੋਇਆ ਹੈ। ਨੰਬਰਦਾਰ ਪੱਪੂ ਦੀ ਗੱਲ ਦੀ ਉੱਥੇ ਹਾਜਰ ਐਸਡੀਐਮ ਅਤੇ ਡੀਐਸਪੀ ਸਮੇਤ ਗੁਰਸੇਵਕ ਸਿੰਘ ਸੰਧੂ ਕੋਟਕਪੂਰਾ, ਮੇਹਰ ਸਿੰਘ ਚੰਨੀ, ਰਜਿੰਦਰ ਕੁਮਾਰ ਰਾਜਾ ਠੇਕੇਦਾਰ, ਮੈਡਮ ਅਨੀਤਾ ਅਰੋੜਾ, ਬੀਬੀ ਜੋਗਿੰਦਰ ਪਾਲ ਕੌਰ, ਬੀਬੀ ਰਾਜਵੀਰ ਕੌਰ, ਸ਼ੇਰ ਸਿੰਘ ਚੰਨੀ, ਗੁਰਿੰਦਰ ਸਿੰਘ ਮਹਿੰਦੀਰੱਤਾ ਆਦਿ ਨੇ ਵੀ ਸਹਿਮਤੀ ਪ੍ਰਗਟਾਈ। ਪਿੰਡ ਰੁਖਾਲਾ ਦੀਆਂ ਉੱਘੀਆਂ ਸ਼ਖਸ਼ੀਅਤਾਂ ਵੱਲੋਂ ਪਹਿਲਾਂ ਸਪੀਕਰ ਸੰਧਵਾਂ ਦਾ ਹਾਰ ਪਾ ਕੇ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ ਤੇ ਫਿਰ ਹਰ ਮਹੀਨੇ ਪਿੰਡ ਆਉਣ ਦਾ ਸੱਦਾ ਵੀ ਦਿੱਤਾ।

## ਪਿੰਡ ਡੋਡ ਦੇ ਸਰਕਾਰੀ ਹਾਈ ਸਕੂਲ ਦਾ ਹੈਰਾਨੀਜਨਕ ਮਾਮਲਾ

### ਸਕੂਲ ਦੇ ਬਾਥਰੂਮ 'ਚ ਗਲਤ ਸ਼ਬਦਾਵਲੀ ਲਿਖਣ ਦੇ ਸ਼ੱਕ 'ਚ ਵਿਦਿਆਰਥੀ ਦੀ ਕੁੱਟ-ਮਾਰ, ਕੱਟਿਆ ਨਾਂਅ

### ਬੇਟੇ ਦੇ ਪਿਤਾ ਦੇ ਬਿਆਨਾਂ 'ਤੇ ਪ੍ਰਿੰਸੀਪਲ ਅਤੇ ਕਲਾਸ ਟੀਚਰ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 20 ਜੁਲਾਈ : ਫਰੀਦਕੋਟ ਜ਼ਿਲੇ ਦੇ ਪਿੰਡ ਡੋਡ ਦੇ ਸਰਕਾਰੀ ਹਾਈ ਸਕੂਲ ਦੇ ਬਾਥਰੂਮ 'ਚ ਲਿਖੀ ਪਾਈ ਗਈ ਗਲਤ ਸ਼ਬਦਾਵਲੀ ਦੇ ਸ਼ੱਕ 'ਚ ਇਕ ਵਿਦਿਆਰਥੀ ਦੀ ਬੇਰਹਿਮੀ ਨਾਲ ਕੁੱਟ-ਮਾਰ ਕਰਨ, ਉਸ ਨੂੰ ਦੋ ਘੰਟੇ ਬਾਥਰੂਮ 'ਚ ਬੰਦ ਰੱਖਣ ਉਪ੍ਰੰਤ ਉਸ ਦਾ ਨਾਂ ਸਕੂਲ 'ਚੋਂ ਕੱਟਣ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ 'ਚ ਕਾਰਵਾਈ ਕਰਦੇ ਹੋਏ ਸਬੰਧਤ ਥਾਣਾ ਬਾਜਾਖਾਨਾ ਵਿਖੇ ਸਕੂਲ ਦੇ ਪ੍ਰਿੰਸੀਪਲ ਤਰਸੇਮ ਲਾਲ ਅਤੇ ਕਲਾਸ ਟੀਚਰ ਕੁਲਵਿੰਦਰ ਸਿੰਘ ਖ਼ਿਲਾਫ ਮੁਕੱਦਮਾ ਨੰਬਰ 117 ਦਰਜ ਕਰ ਲਿਆ ਗਿਆ ਹੈ। ਇਹ ਮੁਕੱਦਮਾ 10ਵੀਂ ਜਮਾਤ ਦੇ 14 ਸਾਲਾ ਵਿਦਿਆਰਥੀ ਅਰਸ਼ਦੀਪ ਸਿੰਘ ਦੇ ਪਿਤਾ ਚਮਕੌਰ ਸਿੰਘ ਵਾਸੀ ਪਿੰਡ ਡੋਡ ਦੇ ਬਿਆਨਾਂ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ, ਸ਼ਿਕਾਇਤਕਰਤਾ ਚਮਕੌਰ ਸਿੰਘ ਨੇ ਦੱਸਿਆ ਕਿ ਉਹ ਮਿਹਨਤ ਮਜਦੂਰੀ ਦਾ ਕੰਮ ਕਰਦਾ ਹੈ ਅਤੇ ਉਸ ਦੇ ਦੋ ਬੱਚੇ ਹਨ। ਅਰਸ਼ਦੀਪ ਸਿੰਘ ਪਿੰਡ ਦੇ ਹੀ ਸਰਕਾਰੀ ਹਾਈ ਸਕੂਲ ਵਿਖੇ ਪੜ੍ਹਦਾ ਹੈ। ਚਮਕੌਰ ਸਿੰਘ ਅਨੁਸਾਰ ਬੀਤੀ 14 ਜੁਲਾਈ ਨੂੰ ਜਦੋਂ ਅਰਸ਼ਦੀਪ ਸਿੰਘ ਸਕੂਲ ਗਿਆ ਹੋਇਆ ਸੀ, ਤਾਂ ਦਿਹਾੜੀ ਨਾ ਮਿਲਣ ਕਾਰਨ ਉਹ (ਚਮਕੌਰ ਸਿੰਘ) ਆਪ ਆਪਣੇ ਘਰ ਹੀ ਮੌਜੂਦ ਸੀ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਤਰਸੇਮ ਲਾਲ ਦਾ ਫੋਨ ਆਇਆ, ਜਿਸ ਨੂੰ ਬਿਆਨਕਰਤਾ ਦੇ ਪਿਤਾ ਰੂਪ ਸਿੰਘ ਨੇ ਸੁਣਿਆ। ਪ੍ਰਿੰਸੀਪਲ ਨੇ ਬਿਆਨਕਰਤਾ ਚਮਕੌਰ ਸਿੰਘ ਨੂੰ ਤੁਰੰਤ ਸਕੂਲ ਆਉਣ ਲਈ ਆਖਿਆ। ਜਦੋਂ ਰੂਪ ਸਿੰਘ ਨੇ ਫੋਨ 'ਤੇ ਇਸ ਦਾ ਕਾਰਨ ਪੁੱਛਿਆ ਤਾਂ ਪ੍ਰਿੰਸੀਪਲ ਨੇ ਸਪੱਸ਼ਟ ਦੱਸਣ ਦੀ ਬਜਾਏ ਸਿਰਫ਼ ਇਹੀ ਆਖਿਆ ਕਿ ਤੁਸੀਂ ਸਕੂਲ ਆਓ, ਆਪੇ ਪਤਾ ਲੱਗ ਜਾਵੇਗਾ। ਬਿਆਨਕਰਤਾ ਨੇ ਦੱਸਿਆ ਕਿ ਜਦੋਂ ਉਹ ਇਸ ਸੂਚਨਾ ਤੋਂ ਬਾਅਦ ਤੁਰੰਤ ਸਕੂਲ ਪੁੱਜਾ ਤਾਂ ਉਸ ਦਾ ਲੜਕਾ ਅਰਸ਼ਦੀਪ ਸਿੰਘ, ਪ੍ਰਿੰਸੀਪਲ ਤਰਸੇਮ ਲਾਲ ਅਤੇ ਕਲਾਸ ਟੀਚਰ ਕੁਲਵਿੰਦਰ ਸਿੰਘ ਕੋਲ ਖੜ੍ਹਾ ਹੋਇਆ ਸੀ। ਚਮਕੌਰ ਸਿੰਘ ਦੇ ਉੱਥੇ ਪਹੁੰਚਦਿਆਂ ਸਾਰ ਹੀ ਪ੍ਰਿੰਸੀਪਲ ਨੇ ਬਿਨਾਂ ਕੋਈ ਪੱਖ ਸੁਣੇ ਸਖ਼ਤ ਲਹਿਜੇ 'ਚ ਕਿਹਾ ਕਿ ਤੁਸੀਂ ਆਪਣੇ ਬੇਟੇ ਨੂੰ ਤੁਰੰਤ ਘਰ ਲੈ ਜਾਓ, ਕਿਉਂਕਿ ਇਸ ਦਾ ਨਾਂ ਸਕੂਲ 'ਚੋਂ ਕੱਟ ਦਿੱਤਾ ਗਿਆ ਹੈ। ਚਮਕੌਰ ਸਿੰਘ ਜਦੋਂ ਆਪਣੇ ਬੇਟੇ ਅਰਸ਼ਦੀਪ ਸਿੰਘ ਨੂੰ ਘਰ ਲਿਆਇਆ ਅਤੇ ਉਸ ਕੋਲੋਂ ਸਾਰੀ ਘਟਨਾ ਬਾਰੇ ਪੁੱਛਿਆ, ਤਾਂ ਬੱਚੇ ਨੇ ਹੱਡਬੀਤੀ ਸੁਣਾਈ। ਅਰਸ਼ਦੀਪ ਨੇ ਦੱਸਿਆ ਕਿ ਸਕੂਲ ਦੇ ਬਾਥਰੂਮ 'ਚ ਕੋਈ ਗਲਤ ਸ਼ਬਦਾਵਲੀ ਲਿਖੀ ਹੋਈ ਸੀ। ਇਸ ਸਬੰਧੀ ਪ੍ਰਿੰਸੀਪਲ ਅਤੇ ਕਲਾਸ ਟੀਚਰ ਨੇ ਉਸ ਉੱਪਰ ਸ਼ੱਕ ਕਰ ਲਿਆ। ਸ਼ੱਕ ਦੇ ਆਧਾਰ 'ਤੇ ਹੀ ਦੋਵਾਂ ਨੇ ਪਹਿਲਾਂ ਤਾਂ ਉਸ ਨੂੰ ਬਾਥਰੂਮ 'ਚ ਲੈ ਜਾ ਕੇ ਡੰਡਿਆਂ ਨਾਲ ਬਹੁਤ ਬੇਰਹਿਮੀ ਨਾਲ ਕੁੱਟਿਆ ਅਤੇ ਬਾਅਦ 'ਚ ਉਸੇ ਕੋਲੋਂ ਉਹ ਗਲਤ ਸ਼ਬਦਾਵਲੀ ਮਿਟਵਾਈ। ਇੰਨਾ ਹੀ ਨਹੀਂ, ਇਸ ਤੋਂ ਬਾਅਦ ਉਸ ਨੂੰ ਦੋ ਘੰਟੇ ਤੱਕ ਬਾਥਰੂਮ 'ਚ ਹੀ ਬੰਦ ਕਰ ਕੇ ਰੱਖਿਆ ਗਿਆ। ਪਿਤਾ ਚਮਕੌਰ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ ਘਰ ਆ ਕੇ ਆਪਣੇ ਬੇਟੇ ਦੇ ਕੱਪੜੇ ਲਾਹ ਕੇ ਵੇਖੇ ਤਾਂ ਉਸ ਦੀ ਪਿੱਠ 'ਤੇ ਕੁੱਟਮਾਰ ਦੇ ਬਹੁਤ ਬੁਰੇ ਨਿਸ਼ਾਨ ਪਏ ਹੋਏ ਸਨ। ਬੇਟੇ ਦੀ ਹਾਲਤ ਦੇਖ ਕੇ ਬਿਆਨਕਰਤਾ ਨੇ ਤੁਰੰਤ ਉਸ ਨੂੰ ਸਿਵਲ ਹਸਪਤਾਲ ਬਾਜਾਖਾਨਾ ਵਿਖੇ ਦਾਖਿਲ ਕਰਵਾਇਆ। ਸਿਵਲ ਹਸਪਤਾਲ ਬਾਜਾਖਾਨਾ ਵਿਖੇ ਅਰਸ਼ਦੀਪ ਸਿੰਘ ਨੂੰ ਦਾਖਿਲ ਕਰਨ ਸਮੇਂ ਡਾਕਟਰਾਂ ਵੱਲੋਂ ਉਸ ਦੀ ਲੀਗਲ ਮੈਡੀਕਲ ਰਿਪੋਰਟ ਯਾਨੀ ਐੱਮ.ਐੱਲ.ਆਰ. ਕੱਟ ਕੇ ਥਾਣਾ ਬਾਜਾਖਾਨਾ ਵਿਖੇ ਭੇਜੀ ਗਈ। ਹਸਪਤਾਲ ਤੋਂ ਮਿਲੀ ਇਤਲਾਹ 'ਤੇ ਕਾਰਵਾਈ ਕਰਦਿਆਂ ਏ.ਐਸ.ਆਈ. ਸਵਰਨ ਸਿੰਘ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਨੇ ਹਸਪਤਾਲ ਪਹੁੰਚ ਕੇ ਅਰਸ਼ਦੀਪ ਸਿੰਘ ਦੇ ਪਿਤਾ ਦੇ ਬਿਆਨ ਕਲਮਬੱਧ ਕੀਤੇ ਅਤੇ ਉਕਤ ਦੋਵਾਂ ਅਧਿਆਪਕਾਂ ਖ਼ਿਲਾਫ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ। ਪੁਲਸ ਅਨੁਸਾਰ ਮਾਮਲਾ ਦਰਜ ਕਰ ਲਿਆ ਗਿਆ ਹੈ, ਜਦਕਿ ਇਸ ਮਾਮਲੇ ਵਿਚ ਮੁਲਜ਼ਮਾਂ ਦੀਆਂ ਗ੍ਰਿਫਤਾਰੀਆਂ ਅਜੇ ਬਾਕੀ ਹਨ।

## ਬਰਨਾਲੇ ਵੱਸਦਾ ਬੋਹੜ/ਬਰੋਟਾ – ਬੂਟਾ ਸਿੰਘ ਚੌਹਾਨ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਸਵੇਰ ਸਾਰ ਬੂਟਾ ਸਿੰਘ ਚੌਹਾਨ ਦਾ ਬਰਨਾਲਿਓਂ ਫੋਨ ਆਇਆ ਹੈ। ਅਕਸਰ ਗੱਲ ਹੁੰਦੀ ਹੈ। ਪਰ ਅੱਜ ਉਸ ਦਾ ਸੁਨੇਹਾ ਵੱਖਰਾ ਤੇ ਅਸਲੋਂ ਸੱਜਰਾ ਸੀ।

ਕਹਿਣ ਲੱਗਾ, ਪੰਜਾਬੀ ਲੇਖਕ ਸੁੰਗੜ ਰਿਹਾ ਹੈ। ਇਸ ਦਾ ਪਨ੍ਹਾ ਦਿਨੋ ਦਿਨ ਘੱਟ ਰਿਹਾ ਹੈ। ਮੈਂ ਸੂਰਜ ਤਾਂ ਨਹੀਂ, ਪਰ ਚਿਰਾਗ ਬਣ ਕੇ ਤਾਂ ਬਲ਼ ਸਕਦਾ ਹਾਂ। ਪੂਰਾ ਪੰਜਾਬ ਨਾ ਸਹੀ, ਆਪਣੇ ਚੌਗਿਰਦੇ ਵਿੱਚ ਤਾਂ ਰੌਸ਼ਨੀ ਪਸਾਰ ਸਕਦਾਂ।

ਮੈਂ ਹੁਣ ਉਨ੍ਹਾਂ ਬੰਦਿਆਂ, ਸੰਸਥਾਵਾਂ, ਅਦਾਰਿਆਂ ਤੇ ਡੇਰਿਆਂ ਨਾਲ ਸੰਪਰਕ ਕਰ ਰਿਹਾਂ ਜਿੱਥੇ ਕਦੇ ਸ਼ਬਦ ਸ਼ਕਤੀਆਂ ਸਰਦਾਰੀ ਸੀ। ਉਦਾਸੀ ਤੇ ਨਿਰਮਲੇ ਸੰਤਾਂ ਦੇ ਡੇਰੇ ਕਦੇ ਸੰਥਿਆ ਕਰਵਾਉਂਦੇ ਸਨ। ਗਿਆਨ ਤੇ ਧਿਆਨ ਸ਼ਕਤੀ ਦਾ ਵਿਕਾਸ ਕਰਦੇ ਸਨ। ਹੁਣ ਡੇਰਿਆਂ ਦੇ ਰੌਲ਼ਿਆਂ ਦੀਆਂ ਜਾਇਦਾਦਾਂ ਸੰਭਾਲਣ ਲਈ ਬਹੁਤੇ ਡੇਰੇਦਾਰ ਕਚਹਿਰੀਆਂ ਵਿੱਚ ਮਿਲਦੇ ਨੇ।

ਬੂਟਾ ਸਿੰਘ ਚੌਹਾਨ ਸਭ ਨੂੰ ਪ੍ਰੇਰਦਾ ਹੈ ਕਿ ਸੋਕਾਂ ਨੂੰ ਮਾਇਆ ਤਿਆਗਣ ਦਾ ਸੁਨੇਹਾ ਦੇਣ ਵਾਲਿਉ! ਮਿੱਟੀ ਦੇ ਮਾਧੋ ਨਾ ਬਣੋ। ਇਸ ਦੀ ਥਾਂ ਉਹ ਕਾਰਜ ਕਰੋ ਜੋ ਤੁਹਾਡੇ ਪੁਰਖੇ ਕਰਦੇ ਸਨ।

ਗਿਆਨ ਮਾਰਗ ਦੇ ਪਾਂਧੀ ਬਣੋ। ਸਾਡੀ ਤਾਂ ਧਰਮਸਾਲ ਚਹੁੰ ਪਾਵਿਆਂ ਵਾਲੀ ਹੈ। ਪਾਠਸ਼ਾਲਾ, ਚਕਿਤਸਾਲ ਤੇ ਪੁਸਤਕਸਾਲ ਨਾਲ ਮਿਲ ਕੇ ਹੀ ਧਰਮ ਬਚਦਾ ਹੈ। ਲੋ੍ਹ ਲੰਗਰ ਤਪਦੇ ਰਹਿਣ ਤਨ ਲਈ ਪਰ ਸ਼ਬਦ ਲੰਗਰ ਵੀ ਮਨ ਦੀ ਤ੍ਰਿਪਤੀ ਲਈ ਜ਼ਰੂਰੀ ਹੈ।

ਬੂਟਾ ਸਿੰਘ ਪੰਜ ਕੁ ਸਾਲ ਪਹਿਲਾਂ ਬਹੁਤ ਬੀਮਾਰ ਹੋ ਗਿਆ ਸੀ। ਡੇਢ ਮਹੀਨਾ ਸੰਪੂਰਨ ਬੇਹੋਸ਼ ਰਿਹਾ। ਮੈਡੀਕਲ ਵਿਗਿਆਨ ਨੇ ਕ੍ਰਿਸ਼ਮਾ ਕੀਤਾ, ਚਾਕਲੀ ਕੀਤਾ ਮੁੜ ਧਰਤੀ ਵਿੱਚ ਗੱਡਿਆ। ਮੌਲਿਆ ਉਹੀ ਬੂਟਾ। ਚੇਤਨਾ ਪਰਤੀ, ਤੁਰਨ ਤੋਂ ਆਤੁਰ ਸੀ, ਮਨ ਉੱਡ ਜੂੰ ਉੱਡ ਜੂੰ ਕਰਦਾ, ਤਨ ਸਾਥ ਨਾ ਦੇਂਦਾ। ਫਿਰ ਪਰਿਵਾਰ ਦੀ ਸੇਵਾ ਤੇ ਉਸ ਦੇ ਸਿਰੜ ਨੇ ਉਸ ਨੂੰ ਕਾਗਜ਼ਾਂ ਤੇ ਭਜਾਇਆ, ਉਹ ਹਫਿਆ ਨਹੀਂ, ਲਗਾਤਾਰ ਦੌੜਦਾ ਹੈ। ਕੁਝ ਗ਼ਜ਼ਲਾਂ,ਨਾਵਲ , ਕਹਾਣੀਆਂ, ਯਾਦਾਂ ਤੇ ਅਨੁਵਾਦ ਕਰ ਕਰ ਸਾਨੂੰ ਲਗਾਤਾਰ ਦੇ ਰਿਹੈ।

ਬੂਟਾ ਸਿੰਘ ਚੌਹਾਨ ਨੂੰ ਪਰਸੋਂ ਚੌਥ ਮੈਂ ਸੁਖਬੀਰ ਸਿੰਘ ਸੰਧੂ ਦੀ ਗ਼ਜ਼ਲ ਪੁਸਤਕ "ਪਾਇਲ" ਦੀ ਪੀ ਡੀ ਐੱਫ ਪੜ੍ਹਨ ਲਈ ਭੇਜੀ ਤਾਂ ਉਸ ਅੱਜ ਮੈਨੂੰ ਇਸ ਕਿਤਾਬ ਲਈ ਸ਼ਬਦਾਂ ਦਾ ਸ਼ਗਨ ਭੇਜਿਆ। ਉਸ ਲਿਖਿਆ ਕਿ ਸੁਖਬੀਰ ਸਿੰਘ ਸੰਧੂ ਨੇ ਜਿਸ ਸਮੇਂ ਗ਼ਜ਼ਲਾਂ ਲਿਖੀਆਂ ਉਸ ਸਮੇਂ ਗ਼ਜ਼ਲ ਏਨੀ ਪਰਪੱਕ ਨਹੀਂ ਸੀ ਪਰ ਉਨ੍ਹਾਂ ਦੀ ਗ਼ਜ਼ਲ ਮੁਢਲੇ ਦੌਰ ਵਿਚ ਹੀ ਪ੍ਰਪੱਕ ਹੋ ਗਈ ਸੀ। ਇਸਦਾ ਕਾਰਨ ਉਨ੍ਹਾਂ ਨੂੰ ਬਹਿਰ ਵਜ਼ਨ ਦਾ ਗਿਆਨ ਸੀ।

ਉਨ੍ਹਾਂ ਦੀ ਗ਼ਜ਼ਲ ਲਿਖਣ ਵਿਚ ਏਨੀ ਮੁਹਾਰਤ ਹਾਸਿਲ ਹੋ ਗਈ ਸੀ ਕਿ ਉਹ ਬਹਿਰ 'ਤੇ ਕਾਬਜ਼ ਹੋ ਕੇ ਲਿਖਦੇ ਸੀ। ਉਨ੍ਹਾਂ ਨੇ ਕਿਸੇ ਸੰਗੀਤਕਾਰ ਵਾਂਗ ਰਾਗ ਕਮਾਉਣ ਵਾਂਗ ਬਹਿਰਾਂ ਕਮਾ ਲਈਆਂ ਸੀ। ਬਹਿਰ 'ਤੇ ਸ਼ਿਅਰ ਦੀ ਭਾਵਨਾ ਭਾਰੂ ਹੁੰਦੀ ਸੀ ਨਾ ਕਿ ਬਹਿਰ ਦੀ ਬਣਤਰ। ਚੰਗੀ ਤੇ ਚਿਰਜੀਵੀ ਗ਼ਜ਼ਲ ਦੀ ਇਹੋ ਵਿਸ਼ੇਸ਼ਤਾ ਹੁੰਦੀ ਹੈ।

ਉਨ੍ਹਾਂ ਨੇ ਆਪਣੀ ਪੁਸਤਕ ਵਿਚ ਭਾਵੇਂ ਬਹੁਤੀਆਂ ਬਹਿਰਾਂ ਦੀ ਵਰਤੋਂ ਨਹੀਂ ਕੀਤੀ ਪਰ ਜਿੰਨੀਆਂ ਬਹਿਰਾਂ ਵਿਚ ਲਿਖਿਆ ਹੈ, ਬਾ ਕਮਾਲ ਲਿਖਿਆ ਹੈ।

ਉਨ੍ਹਾਂ ਦੀ ਇੱਕੋ ਇਕ ਪੁਸਤਕ 'ਪਾਇਲ' ਉਪਲਬਧ ਹੈ, ਜੋ ਉਨ੍ਹਾਂ ਨੂੰ ਪ੍ਰਪੱਕ ਤੇ ਪ੍ਰਵੀਨ ਗ਼ਜ਼ਲਕਾਰ ਦੇ ਤੌਰ 'ਤੇ ਸਥਾਪਿਤ ਕਰਦੀ ਹੈ। ਉਨ੍ਹਾਂ ਦੀ ਸ਼ਾਇਰੀ ਵਿਚ ਡਾ ਜਗਤਾਰ, ਰਣਧੀਰ ਸਿੰਘ ਚੰਦ ਤੇ ਅਜਾਇਬ ਚਿਤਰਕਾਰ ਵਰਗੀ ਪ੍ਰਪੱਕਤਾ ਹੈ। ਪਰ ਸੰਧੂ ਦੀਆਂ ਗ਼ਜ਼ਲਾਂ ਉਨ੍ਹਾਂ ਦੇ ਸਮਾਂ ਕਾਲ ਤੋਂ ਪਹਿਲਾਂ ਦੀਆਂ ਸਿਰਜੀਆਂ ਲਗਦੀਆਂ ਹਨ। ਇਹ ਸੱਚ ਸਾਨੂੰ ਉਨ੍ਹਾਂ ਦੀ ਗ਼ਜ਼ਲ ਸਿਰਜਣਾ ਦਾ ਸਿੱਕਾ ਮੰਨਣ ਲਈ ਮਜ਼ਬੂਰ ਕਰਦਾ ਹੈ।

ਸੰਧੂ ਦੀ ਗ਼ਜ਼ਲ ਦੀ ਵਿਸ਼ੇਸ਼ਤਾ ਇਸ ਪੱਖ ਵਿਚ ਵੀ ਹੈ ਕਿ ਉਨ੍ਹਾਂ ਦੀ ਹਰ ਸਤਰ ਵਿੱਚੋਂ ਸੰਗੀਤ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਹ ਸੰਗੀਤਕ ਪੱਖ ਸ਼ਾਇਰ ਦੀ ਗ਼ਜ਼ਲ ਵਿਚ ਤਦੇ ਆਉਂਦਾ ਹੈ, ਜੇਕਰ ਸ਼ਾਇਰ ਖ਼ੁਦ ਸੰਗੀਤਕ ਪੱਖ ਤੋਂ ਜਾਣੂ ਹੋਵੇ। ਗਾਉਣ ਦੀ ਮੁਹਾਰਤ ਰੱਖਦਾ ਹੋਵੇ। ਸੌਖੇ ਸ਼ਬਦਾਂ ਵਿਚ ਕਹੀਏ ਤਾਂ ਸ਼ਾਇਰ ਦੀ ਗ਼ਜ਼ਲ ਵਿਚ ਉਨ੍ਹਾਂ ਕੁ ਸੰਗੀਤ ਹੁੰਦਾ ਹੈ , ਜਿਨ੍ਹਾਂ ਕੁ ਸ਼ਾਇਰ ਵਿਚ ਹੁੰਦਾ ਹੈ।

ਜੇਕਰ ਉਨ੍ਹਾਂ ਦੀ ਗ਼ਜ਼ਲ ਵਿਚ ਔਖੇ ਤੇ ਭਾਰੇ ਸ਼ਬਦ ਨਹੀਂ ਆਏ, ਇਸਦਾ ਕਾਰਨ ਉਨ੍ਹਾਂ ਦੀ ਗ਼ਜ਼ਲ ਦੀ ਗੀਤ ਆਤਮਿਕਤਾ ਹੈ। ਜੇ ਉਨ੍ਹਾਂ ਨੂੰ ਨੁਸਰਤ ਅਲੀ ਖ਼ਾਨ ਜਾਂ ਹੋਰਾਂ ਪ੍ਰਸਿੱਧ ਗਾਇਕਾਂ ਨੇ ਗਾਇਆ ਹੈ ਤਾਂ ਇਸਦਾ ਸਿਹਰਾ ਵੀ ਉਨ੍ਹਾਂ ਦੀ ਗ਼ਜ਼ਲ ਵਿਚਲੀ ਸੰਗੀਤਕ ਪ੍ਰਬਲਤਾ ਸਿਰ ਬੱਝਦਾ ਹੈ।

ਉਨ੍ਹਾਂ ਦੀ ਗ਼ਜ਼ਲਾਂ ਦੀ ਪੁਸਤਕ 'ਪਾਇਲ' ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਗ਼ਜ਼ਲਕਾਰੀ ਵਿਚ ਆਪਣਾ ਸਿੱਕਾ ਮੰਨਵਾਉਣ ਦੀ ਸਮਰੱਥਾ ਹੈ।

ਸੁਖਬੀਰ ਸੰਧੂ ਨੂੰ ਜਿਉਣ ਲਈ ਲੰਮਾ ਜੀਵਨ ਨਹੀਂ ਮਿਲਿਆ। ਜੇ ਕੁਝ ਦਹਾਕੇ ਜਿਉਣ ਦਾ ਹੋਰ ਸਮਾਂ ਮਿਲਦਾ। ਨਿਸ਼ਚੇ ਹੀ ਧਰਤੀ 'ਤੇ ਹੋਰ ਗੂੜ੍ਹੀਆਂ ਪੈੜਾਂ ਕਰਦਾ।

ਸੰਧੂ ਦੀ ਗ਼ਜ਼ਲਕਾਰੀ ਇਕਹਿਰੀ ਨਹੀਂ, ਸੰਘਣਾਪਣ ਥਾਂ ਥਾਂ ਮੂੰਹ ਵਿਚ ਉਂਗਲਾਂ ਪਵਾਉਂਦਾ ਹੈ। ਵਿਸ਼ਿਆਂ ਦੀ ਬਹੁਲਤਾ ਭਾਵੇਂ ਬਹੁਤੀ ਨਹੀਂ, ਪਰ ਏਨੀ ਵਿਰਲੀ ਵੀ ਨਹੀਂ। ਅਜਿਹੀ ਸ਼ਾਇਰੀ ਅੱਗੇ ਮੈਂ ਸਿਰ ਹੀ ਝੁਕਾ ਸਕਦਾ ਹਾਂ।

ਮੇਰਾ ਇਹ ਵਿਸ਼ਵਾਸ ਹੈ ਕਿ ਭਵਿੱਖ ਵਿਚ ਹੋਰ ਗਾਇਕ ਵੀ ਉਸਦੇ ਕਲਾਮ ਨੂੰ ਸੁਰਬੱਧ ਕਰਨਗੇ ਅਤੇ ਗ਼ਜ਼ਲ ਗਾਇਕੀ ਦੇ ਪਿੜ ਨੂੰ ਹੋਰ ਮੋਕਲਾ ਕਰਨਗੇ।

ਅੰਤ ਵਿਚ ਮੈਂ ਵੱਡੇ ਵੀਰ ਗੁਰਭਜਨ ਗਿੱਲ ਦਾ ਤਹਿਦਿਲੋਂ ਧੰਨਵਾਦੀ ਹਾਂ , ਜਿਨ੍ਹਾਂ ਨੇ ਉਨ੍ਹਾਂ ਦੀ ਪੁਸਤਕ ਦੇ ਦੂਜੇ ਐਡੀਸ਼ਨ ਦਾ ਖਰਚਾ ਭੇਜ ਕੇ ਇਕ ਅਣਗੌਲ਼ੇ ਸ਼ਾਇਰ ਦੀ ਸ਼ਾਇਰੀ ਨਾਲ਼ ਸਾਂਝ ਪਾਉਣ ਦਾ ਮੌਕਾ ਮੁਹੱਈਆ ਕਰਵਾਇਆ।

## ਲੁਧਿਆਣਾ ਜ਼ਿਲ੍ਹੇ ਵਿੱਚ ਐੱਸ.ਆਈ.ਆਰ.-2026 ਤਹਿਤ ਪੋਲਿੰਗ ਬੂਥਾਂ 'ਤੇ ਲੱਗੇ ਵਿਸ਼ੇਸ਼ ਕੈਂਪਾਂ ਨੂੰ ਮਿਲਿਆ ਭਰਵਾਂ ਹੁੰਗਾਰਾ: ਜ਼ਿਲ੍ਹਾ ਚੋਣ ਅਫ਼ਸਰ

### *ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੀ ਯੋਗ ਵੋਟਰਾਂ ਨੂੰ ਅਪੀਲ—3 ਅਗਸਤ ਤੱਕ ਜਮ੍ਹਾਂ ਕਰਵਾਓ ਗਣਨਾ ਫਾਰਮ*

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 20 ਜੁਲਾਈ: ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.)-2026 ਮੁਹਿੰਮ ਤਹਿਤ ਐਤਵਾਰ ਨੂੰ ਲੁਧਿਆਣਾ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ ਤੇ ਵਿਸ਼ੇਸ਼ ਕੈਂਪ ਲਗਾਏ ਗਏ। ਕੈਂਪਾਂ ਦੌਰਾਨ ਬੂਥ ਪੱਧਰੀ ਅਧਿਕਾਰੀ (ਬੀ.ਐਲ.ਓ.) ਆਪਣੇ-ਆਪਣੇ ਪੋਲਿੰਗ ਬੂਥਾਂ ਤੇ ਹਾਜ਼ਰ ਰਹੇ ਅਤੇ ਵੋਟਰਾਂ ਨੂੰ ਗਣਨਾ ਫਾਰਮ ਭਰਨ, ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਅਤੇ ਡਿਜੀਟਾਈਜ਼ੇਸ਼ਨ ਸਬੰਧੀ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਲੱਗੇ ਇਨ੍ਹਾਂ ਵਿਸ਼ੇਸ਼ ਕੈਂਪਾਂ ਨੂੰ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਅਤੇ ਵੱਡੀ ਗਿਣਤੀ ਵਿੱਚ ਯੋਗ ਵੋਟਰਾਂ ਨੇ ਆਪਣੇ ਗਣਨਾ ਫਾਰਮ ਭਰ ਕੇ ਜਮ੍ਹਾਂ ਕਰਵਾਏ। ਜਿਨ੍ਹਾਂ ਬੂਥਾਂ ਤੇ ਡਿਜੀਟਾਈਜ਼ੇਸ਼ਨ ਦਾ ਕੰਮ ਬਾਕੀ ਸੀ, ਉੱਥੇ ਫਾਰਮਾਂ ਦੀ ਡਿਜੀਟਾਈਜ਼ੇਸ਼ਨ ਅਤੇ ਇਕੱਤਰਤਾ ਦਾ ਕੰਮ ਤੇਜ਼ੀ ਨਾਲ ਕੀਤਾ ਗਿਆ, ਜਦਕਿ ਹੋਰ ਬੂਥਾਂ ਤੇ ਦਸਤਾਵੇਜ਼ਾਂ ਦੀ ਜਾਂਚ ਅਤੇ ਤਰੁੱਟੀਆਂ ਦੂਰ ਕਰਨ ਦਾ ਕੰਮ ਜਾਰੀ ਰਿਹਾ।

ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਐੱਸ.ਆਈ.ਆਰ. ਤਹਿਤ ਘਰ-ਘਰ ਸਰਵੇ ਅਤੇ ਗਣਨਾ ਫਾਰਮ ਇਕੱਤਰ ਕਰਨ ਦਾ ਕੰਮ 3 ਅਗਸਤ 2026 ਤੱਕ ਜਾਰੀ ਰਹੇਗਾ। ਉਨ੍ਹਾਂ ਸਮੂਹ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ ਹਾਲੇ ਤੱਕ ਆਪਣਾ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਇਆ ਤਾਂ ਉਹ ਆਪਣੇ ਬੀ.ਐਲ.ਓ. ਨਾਲ ਸੰਪਰਕ ਕਰਕੇ ਜਾਂ ਨਜ਼ਦੀਕੀ ਪੋਲਿੰਗ ਬੂਥ ਰਾਹੀਂ ਲੋੜੀਂਦੇ ਦਸਤਾਵੇਜ਼ ਸਮੇਤ ਫਾਰਮ ਜਮ੍ਹਾਂ ਕਰਵਾਉਣ ਤਾਂ ਜੋ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।